### ਸ਼੍ਰੇਣੀ ਨੌਵੀਂ

# ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ

### (ਭਾਗ-I) ਡਰਾਇੰਗ

### (ਜਿਉਮੈਟਰੀਕਲ ਡਰਾਇੰਗ)

### (ਥਿਊਰੀ)

**ਸਮਾਂ: 3 ਘੰਟੇ**

**ਲਿਖਤੀ (ਜਿਉਮੈਟਰੀ + ਸਕੇਲ): 40 ਅੰਕ**
**ਚਿੱਤਰਕਲਾ (ਪ੍ਰਯੋਗੀ): 40 ਅੰਕ**
**ਆਂਤਰਿਕ ਮੁਲਾਂਕਣ: 20 ਅੰਕ**
**ਕੁੱਲ: 100 ਅੰਕ**

**ਨੋਟ : ਪ੍ਰਸ਼ਨ ਨੰ: 1 ਤੋਂ 4 ਤੱਕ ਹਰ ਇੱਕ ਪ੍ਰਸ਼ਨ ਦੇ 5-5 ਅੰਕ ਹੋਣਗੇ। ਪੰਜਵਾਂ ਪ੍ਰਸ਼ਨ 20 ਅੰਕਾਂ ਦਾ ਹੋਵੇਗਾ। ਇਹ ਪ੍ਰਸ਼ਨ ਜ਼ਰੂਰੀ ਕਰਨਾ ਹੋਵੇਗਾ।**

1. ਰੇਖਾਵਾਂ ਅਤੇ ਕੋਣਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।
2. ਤਿਕੋਣਾਂ ਅਤੇ ਚਤੁਰਭੁਜਾਵਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।
3. ਬਹੁਭੁਜਾਵਾਂ ਅਤੇ ਸਾਧਾਰਨ ਪੈਮਾਨੇ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।
4. ਚੱਕਰ ਅਤੇ ਛੋਹਤ ਰੇਖਾਵਾਂ ਤੇ ਆਧਾਰਤ ਦੋ ਪ੍ਰਸ਼ਨ ਪਾਏ ਜਾਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।

### (ਸਕੇਲ/ਮਕੈਨੀਕਲ ਡਰਾਇੰਗ )

**ਇਹ ਪ੍ਰਸ਼ਨ ਕਰਨਾ ਜ਼ਰੂਰੀ ਹੋਵੇਗਾ।**

1. (i) ਸਕੇਲ ਡਰਾਇੰਗ ਲਈ ਵਰਤੇ ਜਾਣ ਵਾਲੇ ਯੰਤਰਾਂ ਦੀ ਜਾਣ-ਪਛਾਣ।
   (ii) ਹੇਠ ਲਿਖਿਆਂ ਦਾ ਮੱਥਾ, ਪਾਸਾ ਅਤੇ ਪਲੈਨ ਬਣਾਉਣਾ।

| | |
|---|---|
| 1. ਇੱਟ ਅਤੇ ਇੱਟ ਨਾਲ ਬਣੇ ਵੱਖ-ਵੱਖ ਬਲਾਕ | 2. ਸਧਾਰਣ ਪਟੜਾ |
| 3. ਸਧਾਰਨ ਕੁਰਸੀ | 4. ਸਾਧਾਰਨ ਬੈਂਚ |
| 5. ਟੂਲ ਬੌਕਸ | 6. ਬੁੱਕ ਸ਼ੈਲਫ |
| 7. ਬੁੱਕ ਰੈਕ | 8. ਬੇਬੀ ਡੈਕਸ |
| 9. ਬਲਾਕ ਲੈਟਰ 'T' | 10. U ਬਲਾਕ |
| 11. ਬਲਾਕ | 12. ਬਲਾਕ |
| 13. V ਬਲਾਕ | |

**ਅੰਕਾਂ ਦੀ ਵੰਡ :**

| | | |
|---|---|---|
| ਮੱਥਾ (ELEVATION) | : | 5 ਅੰਕ |
| ਪਾਸਾ (SIDE) | : | 4 ਅੰਕ |
| ਤਲ (PLAN) | : | 5 ਅੰਕ |
| ਪੈਮਾਨਾ (SCALE) | : | 2 ਅੰਕ |
| ਲਿਖਾਈ (WRITING) | : | 2 ਅੰਕ |
| ਕਾਗਜ਼ ਦੀ ਵੰਡ (DIVISION) | : | 2 ਅੰਕ |
| **ਕੁੱਲ ਅੰਕ** | **:** | **20 ਅੰਕ** |

**ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ (35 ਸੈਂ.ਮੀ. × 25 ਸੈਂ. ਮੀ.)**

ਭਾਗ-2

# ਚਿੱਤਰਕਲਾ (ਪ੍ਰਯੋਗੀ)

**ਸਮਾਂ: 4 ਘੰਟੇ** **ਕੁੱਲ: 40 ਅੰਕ**

**ਨੋਟ :- ਇਸ ਪੇਪਰ ਵਿੱਚ ਕੁੱਲ 5 ਪ੍ਰਸ਼ਨ ਸੈਟ ਕੀਤੇ ਜਾਣਗੇ।**

(ੳ) ਵਸਤੂ ਚਿੱਤਰਨ ਦਾ ਪ੍ਰਸ਼ਨ ਜ਼ਰੂਰੀ ਹੋਵੇਗਾ ਅਤੇ ਇਸਦੇ 24 ਅੰਕ ਹੋਣਗੇ।

(ਅ) ਭਾਗ ਦੇ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ ਅਤੇ ਇਹ 8-8 ਅੰਕਾਂ ਦੇ ਹੋਣਗੇ।

(ੳ) **ਵਸਤੂ ਚਿੱਤਰਨ (Still life) (ਜ਼ਰੂਰੀ)**

ਸਾਦਾ ਵਸਤੂਆਂ ਦਾ ਚਿੱਤਰਨ ਜਿਹੜੀਆਂ ਦੋ-ਤਿੰਨ ਤੋਂ ਜਿਆਦਾ ਨਾ ਹੋਣ। ਇਨ੍ਹਾਂ ਨੂੰ ਇੱਕਠਿਆਂ ਰੱਖ ਕੇ ਚਿੱਤਰਿਆ ਜਾਵੇ, ਜਿਵੇਂ ਫੁਲਦਾਨ ਵਿੱਚ ਫੁੱਲ ਅਤੇ ਆਮ ਵਰਤੋ ਦੀਆਂ ਦਿਲਚਸਪ ਵਸਤੂਆਂ ਵਿੱਚ ਚੋਣ ਕਰਕੇ ਵਸਤੂਆਂ ਸੈਟ ਕੀਤੀਆਂ ਜਾਣ।

**ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ** (35 **ਸੈਂ.ਮੀ.** × 25 **ਸੈਂ. ਮੀ.**)

**ਮਾਧਿਅਮ: ਚਾਰਕੋਲ / ਪੇਸਟਲ/ ਪਾਣੀ ਰੰਗ।**

(ਅ) 1. **ਸਕੈਚਿੰਗ ਅਤੇ ਬਨਾਵਟ:**

ਕਲਪਨਾਮਈ ਫਰੀਹੈਂਡ ਆਪਾ ਪ੍ਰਗਟ ਕਰਦਾ ਪੰਛੀ, ਜਾਨਵਰ ਅਤੇ ਆਮ ਜੀਵਨ ਦੀਆਂ ਘਟਨਾਵਾਂ ਸੰਬੰਧੀ ਚਿੱਤਰ।

**ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ** (35 **ਸੈਂ.ਮੀ.** × 25 **ਸੈਂ. ਮੀ.**)

**ਮਾਧਿਅਮ: ਪੈਨਸਲ /ਚਾਰਕੋਲ / ਪੇਸਟਲ/ ਪਾਣੀ ਰੰਗ।**

**ਜਾਂ**

2. **ਧਰਤੀ ਦ੍ਰਿਸ਼ (Land Scape) ਚਿੱਤਰਨ**

ਕਲਪਨਾ ਤੇ ਯਾਦ ਸ਼ਕਤੀ ਦੁਆਰਾ ਧਰਤੀ ਦ੍ਰਿਸ਼ ਚਿੱਤਰਨਾ। ਧਰਤੀ ਦ੍ਰਿਸ਼ ਵਿੱਚ ਵੱਖ ਵੱਖ ਤਰ੍ਹਾਂ ਦੇ ਪਹਾੜ, ਦਰਖਤ, ਦਰਿਆ, ਝੌਂਪੜੀ, ਝੀਲਾਂ ਆਦਿ ਚਿਤਰੇ ਜਾਣ।

**ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ** (35 **ਸੈਂ.ਮੀ.** × 25 **ਸੈਂ. ਮੀ.**)

**ਮਾਧਿਅਮ: ਚਾਰਕੋਲ/ ਪੇਸਟਲ ਰੰਗ / ਪਾਣੀ ਵਾਲੇ ਰੰਗ।**

**ਜਾਂ**

3. **ਡਿਜ਼ਾਇਨ :**

ਜਿਉਮੈਟਰੀਕਲ ਆਕਾਰ ਵਿੱਚ ਫੁੱਲਾਂ ਦੇ ਨਮੂਨਿਆਂ ਤੇ ਅਧਾਰਿਤ ਡਿਜ਼ਾਈਨ ਦੀ ਤਿਆਰੀ। ਇਹ ਡਿਜਾਇਨ ਵਰਗ, ਤਿਕੋਣ, ਆਇਤਕਾਰ ਦੇ ਚੱਕਰ ਦੀਆਂ ਸ਼ਕਲਾਂ ਵਿੱਚ ਬਣਾਏ ਜਾਣ।

**ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ** (35 **ਸੈਂ.ਮੀ.** × 25 **ਸੈਂ. ਮੀ.**)

**ਮਾਧਿਅਮ: ਚਾਰਕੋਲ/ ਪੇਸਟਲ ਰੰਗ / ਪਾਣੀ ਵਾਲੇ ਰੰਗ।**

**ਜਾਂ**

4. **ਪੋਸਟਰ ਡਿਜ਼ਾਈਨਿੰਗ**

ਨਿੱਜੀ ਜੀਵਨ, ਸਿਹਤ, ਖੇਡਾਂ ਅਤੇ ਪੜ੍ਹਾਈ ਤੇ ਅਧਾਰਿਤ ਪੋਸਟਰ ਤਿਆਰ ਕਰਨੇ।

**ਕਾਗਜ਼ ਦਾ ਮਾਪ : ਪੂਰੇ ਡਰਾਇੰਗ ਪੇਪਰ ਦਾ 1/4 ਭਾਗ** (35 **ਸੈਂ.ਮੀ.** × 25 **ਸੈਂ. ਮੀ.**)

**ਮਾਧਿਅਮ: ਪੇਸਟਲ ਕਲਰ।**